**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ,**
**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

ਵੱਲ :

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ (ਐ.ਸਿ.), ਪੰਜਾਬ
ਸਮੂਹ ਮਿਡਲ, ਹਾਈ, ਸੀਨੀਅਰ ਸੈਕੰਡਰੀ ਸਕੂਲ ਮੁਖੀ, ਪੰਜਾਬ

ਮੀਮੋ ਨੰ :- ਸਸਅ/2012/ਐਮ.ਆਈ.ਐਸ./ਈ-ਪੰਜਾਬ/ 7107
ਮਿਤੀ : ਚੰਡੀਗੜ੍ਹ 9 ਅਪ੍ਰੈਲ, 2013

ਵਿਸ਼ਾ : **www.epunjabschool.gov.in ਉੱਤੇ ਸਕੂਲ ਸਟਾਫ ਵਲੋਂ ਮੁਕੰਮਲ ਅਤੇ ਠੀਕ ਜਾਣਕਾਰੀ ਦਰਜ ਕਰਵਾਉਣ ਸਬੰਧੀ।**

1) ਇਹ ਪੱਤਰ ਇਸ ਦਫਤਰ ਵਲੋਂ ਜਾਰੀ ਪੱਤਰ ਨੰ : ਸਸਅ/2012/ਐਮ.ਆਈ.ਐਸ./ਈ-ਪੰਜਾਬ/6747 ਮਿਤੀ 03-04-13 ਦੀ ਲਗਾਤਾਰਤਾ ਵਿਚ ਜਾਰੀ ਕੀਤਾ ਜਾ ਰਿਹਾ ਹੈ।

2) ਸਿੱਖਿਆ ਵਿਭਾਗ, ਪੰਜਾਬ ਵਲੋਂ ਬਣਾਏ ਵੈਬ ਪੋਰਟਲ www.epunjabschool.gov.in ਉੱਤੇ ਸਮੂਹ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਲੋਂ ਆਪਣੇ ਸਕੂਲ ਸਬੰਧੀ ਜਾਣਕਾਰੀ ਦਰਜ ਕੀਤੀ ਗਈ ਹੈ।

3) ਸਕੂਲਾਂ ਵਲੋਂ ਦਰਜ ਕੀਤੀ ਇਸ ਜਾਣਕਾਰੀ ਨੂੰ ਮੁੱਖ ਦਫਤਰ ਵਲੋਂ ਮੁੜ ਅਪਡੇਸ਼ਨ ਲਈ ਖੋਲਿਆ ਗਿਆ ਹੈ।

4) ਸਮੂਹ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਗਈ ਸੀ ਕਿ ਉਹ ਨਿਰਧਾਰਿਤ ਪ੍ਰਫਾਰਮਾ ਸਕੂਲ ਦੇ ਹਰ ਇੱਕ ਅਧਿਆਪਕ/ਕਰਮਚਾਰੀ ਨੂੰ ਦੇ ਦੇਣ। ਇਹ ਪ੍ਰਫਾਰਮਾਂ ਹਰ ਅਧਿਆਪਕ/ਕਰਮਚਾਰੀ ਵਲੋਂ ਆਪ ਭਰਨ ਉਪਰੰਤ ਹਸਤਾਖਰ ਕਰਕੇ ਸਕੂਲ ਮੁਖੀ ਤੋਂ ਤਸਦੀਕ ਕਰਵਾਉਣ ਉਪਰੰਤ ਕੰਪਿਊਟਰ ਅਧਿਆਪਕ ਜਾਂ ਉਸ ਅਮਲੇ ਨੂੰ ਦੇ ਦੇਵੇ ਜਿਸ ਵਲੋਂ ਸਕੂਲ ਸਬੰਧੀ ਜਾਣਕਾਰੀ ਈ-ਪੰਜਾਬ ਪੋਰਟਲ ਉੱਤੇ ਦਰਜ ਕੀਤੀ ਜਾਣੀ ਹੈ। ਸਕੂਲ ਮੁਖੀ ਇਹ ਜਾਣਕਾਰੀ ਕੰਪਿਊਟਰ ਅਧਿਆਪਕ ਜਾਂ ਕਿਸੇ ਹੋਰ ਕੰਪਿਊਟਰ ਦੀ ਜਾਣਕਾਰੀ ਰੱਖਣ ਵਾਲੇ ਅਮਲੇ ਤੋਂ ਆਪਣੀ ਨਿਗਰਾਨੀ ਹੇਠ ਦਰਜ ਕਰਵਾਉਣ।

5) ਸਬੰਧਤ ਅਧਿਆਪਕ / ਅਧਿਕਾਰੀ ਵਲੋਂ ਦਿੱਤੀ ਗਈ ਤਸਦੀਕਸ਼ੁਦਾ ਕਾਪੀ ਕੰਪਿਊਟਰ ਅਧਿਆਪਕ ਵਲੋਂ ਦਰਜ ਕਰਨ ਉਪਰੰਤ ਸੰਭਾਲ ਕੇ ਰੱਖੀ ਜਾਵੇ ਅਤੇ ਇਹ ਲਿਖਤੀ ਜਾਣਕਾਰੀ ਦਰਜ (ਭਾਵ ਅਪਰੂਵ) ਕਰਨ ਉਪਰੰਤ ਬਲਾਕ ਐਮ.ਆਈ.ਐਸ. ਕੋਆਰਡੀਨੇਟਰ ਨੂੰ ਸੰਭਾਲ ਦਿੱਤੀ ਜਾਵੇ।

6) ਮਿਤੀ 16-04-13 ਤੱਕ ਹਰ ਸਕੂਲ ਮੁਖੀ ਆਪਣੇ ਸਕੂਲ ਸਬੰਧੀ ਜਾਣਕਾਰੀ ਨੂੰ ਆਪਣੀ ਨਿਗਰਾਨੀ ਹੇਠ ਸਹੀ ਅਤੇ ਰਿਕਾਰਡ ਅਨੁਸਾਰ ਦਰਜ ਕਰਵਾਉਣ।

7) ਜਿਲ੍ਹਾ ਆਈ.ਸੀ.ਟੀ. ਕੋਆਰਡੀਨੇਟਰਾਂ ਵਲੋਂ ਸਮੂਹ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ (ਜਿੱਥੇ ਕੰਪਿਊਟਰ ਅਧਿਆਪਕ ਨਹੀਂ ਹਨ) ਵਿਚ ਬਦਲਵੇਂ ਪ੍ਰਬੰਧ ਕੀਤੇ ਗਏ ਹਨ ਅਤੇ ਇਹ ਦੇਖਣ ਵਿਚ ਆਇਆ ਹੈ ਕਿ ਜਿਨ੍ਹਾਂ ਕੰਪਿਊਟਰ ਅਧਿਆਪਕਾਂ ਦੀ ਵਾਧੂ ਡਿਊਟੀ ਅਜਿਹੇ ਸਕੂਲਾਂ ਵਿਚ ਲਗਾਈ ਗਈ ਹੈ ਉਹ ਆਪਣੀ ਹਾਜਰੀ ਇਨ੍ਹਾਂ ਸਕੂਲਾਂ ਵਿਚ ਨਹੀਂ ਦੇ ਰਹੇ ਹਨ। ਜਿਲ੍ਹਾ ਆਈ.ਸੀ.ਟੀ. ਕੋਆਰਡੀਨੇਟਰਾਂ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਸਮੂਹ ਸਕੂਲਾਂ ਵਿਚ ਕੰਪਿਊਟਰ ਅਧਿਆਪਕਾਂ ਦੀ ਹਾਜਰੀ ਯਕੀਨੀ ਬਣਾ ਕੇ ਉਪਰੋਕਤ ਦਰਸਾਏ ਕੰਮ ਨੂੰ ਸਮੇਂ ਸਿਰ ਮੁਕੰਮਲ ਕਰਵਾਉਣ।

8) ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜੋ ਅਧਿਆਪਕ ਜਾਂ ਅਧਿਕਾਰੀ ਸਕੂਲਾਂ ਤੋਂ ਡੈਪੂਟੇਸ਼ਨ ਕਰਵਾ ਕੇ ਸਿੱਖਿਆ ਵਿਭਾਗ ਦੇ ਦਫਤਰਾਂ ਜਾਂ ਹੋਰ ਵਿਭਾਗਾਂ ਵਿਚ ਤੈਨਾਤ ਹਨ ਉਹ ਆਪਣਾ ਪ੍ਰਫਾਰਮਾਂ ਭਰਕੇ ਸਬੰਧਤ ਸਕੂਲ ਮੁਖੀ ਤੋਂ ਤਸਦੀਕ ਕਰਵਾਉਣ ਉਪਰੰਤ ਸਕੂਲ ਦੇ ਈ-ਪੰਜਾਬ ਪੋਰਟਲ ਅਧੀਨ ਦਰਜ ਕਰਵਾਉਣ ਤਾਂ ਜੋ ਪੋਸਟਾਂ ਆਦਿ ਸਬੰਧੀ ਸਹੀ ਸਥਿਤੀ ਸਹਾਮਣੇ ਆ ਸਕੇ ਅਤੇ ਪਾਲਸੀ ਆਦਿ ਬਨਾਉਣ ਸਮੇਂ ਕਿਸੇ ਕਿਸਮ ਦੀ ਕੋਈ ਊਣਤਾਈਂ ਨਾ ਰਹਿ ਜਾਵੇ।

9) ਕਿਸੇ ਕਿਸਮ ਦੀ ਜਾਣਕਾਰੀ ਜਾਂ ਤਕਨੀਕੀ ਮੁਸ਼ਕਿਲ ਲਈ ਸਬੰਧਤ ਜਿਲ੍ਹੇ ਜਾਂ ਬਲਾਕ ਦੇ ਐਮ.ਆਈ.ਐਸ. ਕੁਆਰਡੀਨੇਟਰ ਨਾਲ ਗੱਲਬਾਤ ਕੀਤੀ ਜਾਵੇ। ਇਨ੍ਹਾਂ ਦੇ ਨੰਬਰ ਸਕੂਲ ਦੇ ਈ-ਪੰਜਾਬ ਪੋਰਟਲ ਉੱਤੇ ਦਰਜ ਹਨ।

**ਸਕੱਤਰ- ਕਮ - ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-**

1) **ਜਿਲ੍ਹਾ ਐਮ.ਆਈ.ਐਸ. ਕੁਆਰਡੀਨੇਟਰ, ਪੰਜਾਬ**
2) **ਜਿਲ੍ਹਾ ਆਈ.ਸੀ.ਟੀ. ਕੁਆਰਡੀਨੇਟਰ, ਪੰਜਾਬ**